# 25
# ਅਸੀਂ ਮਸੀਹ ਦਾ ਪ੍ਰਚਾਰ ਕਰਦੇ ਹਾਂ

2 ਕੁਰਿੰਥੀਆਂ 4:5 ਵਿਚ ਪੌਲੁਸ ਨੇ ਇਹ ਆਖ ਕੇ ਸਾਡੇ ਤੇ ਰਸੂਲਾਂ ਦੀ ਸਿੱਖਿਆ ਦੇ ਮੁੱਖ ਵਿਸ਼ੇ ਨੂੰ ਪ੍ਰਗਟ ਕੀਤਾ ਹੈ ਕਿ ''ਅਸੀਂ ਆਪਣਾ ਨਹੀਂ ਸਗੋਂ ਮਸੀਹ ਯਿਸੂ ਦਾ ਪ੍ਰਚਾਰ ਕਰਦੇ ਹਾਂ ਭਈ ਉਹ ਪ੍ਰਭੂ ਹੈ ਅਤੇ ਅਸੀਂ ਆਪ ਯਿਸੂ ਦੇ ਨਮਿੱਤ ਤੁਹਾਡੇ ਦਾਸ ਹਾਂ।''

ਨਵੇਂ ਨੇਮ ਦੀਆਂ ਬਹੁਤ ਸਾਰੀਆਂ ਆਇਤਾਂ ਵਿੱਚੋਂ ਇਹ ਸੱਚਾਈ ਮਿਲਦੀ ਹੈ। ਪੈਂਟੀਕਾਸਟ ਵਾਲੇ ਦਿਨ ਪਤਰਸ ਦੇ ਸੰਦੇਸ਼ ਦਾ ਮੁੱਖ ਵਿਸ਼ਾ ਮਸੀਹ ਸੀ (ਵੇਖੋ ਰਸੂਲਾਂ ਦੇ ਕੰਮ 2:36)। ਰਸੂਲਾਂ ਦੇ ਕੰਮ 8 ਅਧਿਆਇ ਵਿਚ ਮਨਬਦਲੀ ਦੀਆਂ ਦੋ ਘਟਨਾਵਾਂ ਵਿਚ ਫ਼ਿਲਿੱਪੁਸ ਦਾ ਮੁੱਖ ਵਿਸ਼ਾ ਵੀ ਮਸੀਹ ਹੀ ਸੀ (ਵੇਖੋ ਆਇਤਾਂ 5, 35)। ਰਸੂਲਾਂ ਦੇ ਪ੍ਰਚਾਰ ਦਾ ਖੇਤਰ ਵਿਸ਼ਵ ਵਿਆਪੀ ਸੀ ਅਤੇ ਇਹਦਾ ਅਸਰ ਕ੍ਰਾਂਤੀਕਾਰੀ ਸੀ। ਇੱਥੋਂ ਤਕ ਕਿ ਰਸੂਲਾਂ ਦੇ ਦੁਸ਼ਮਣਾਂ ਨੇ ਵੀ ਕਿਹਾ ਕਿ ਉਨ੍ਹਾਂ ਨੇ ਜਗਤ ਨੂੰ ਉਲਟਾ ਪੁਲਟਾ ਦਿੱਤਾ ਹੈ। ਜਿਉਂਦੇ ਜੀ ਪੌਲੁਸ ਨੇ ਦੋ ਮਹਾਂਦੀਪਾਂ ਨੂੰ ਹਿਲਾਇਆ ਸੀ ਅਤੇ ਮੌਤ ਦੇ ਬਾਅਦ ਤਾਂ ਉਹਨੇ ਕਈ ਮਹਾਂਦੀਪਾਂ ਨੂੰ ਹਿਲਾਇਆ ਹੈ।

ਮੁੱਠੀ ਕੁ ਲੋਕਾਂ ਨੇ ਰੋਮੀ ਜਗਤ 'ਤੇ ਫ਼ਤਹਿ ਪਾ ਲਈ ਸੀ। ਉਨ੍ਹਾਂ ਇਹ ਫ਼ਤਹਿ ਕਿਵੇਂ ਪਾਈ? ਇਸ ਸਵਾਲ ਦਾ ਜਵਾਬ ਉਨ੍ਹਾਂ ਆਪਣੇ ਹੀ ਸ਼ਬਦਾਂ ਵਿਚ ਦਿੱਤਾ, ''ਅਸੀਂ ਮਸੀਹ ਦਾ ਪ੍ਰਚਾਰ ਕਰਦੇ ਹਾਂ।'' ਉਨ੍ਹਾਂ ਇਹ ਨਹੀਂ ਕਿਹਾ ਕਿ ''ਅਸੀਂ ਮਸੀਹ *ਬਾਰੇ* ਦੱਸਦੇ ਹਾਂ।'' ਮਸੀਹ ਦਾ ਪ੍ਰਚਾਰ ਕਰਨ ਲਈ ਰਸੂਲ ਕੀ ਕਰਦੇ ਸਨ?

## ਉਹਦੀ ਖ਼ੁਦਾਈ

ਯਿਸੂ ਨੇ ਖ਼ੁਦਾ ਹੋਣ ਦਾ ਦਾਅਵਾ ਕੀਤਾ ਸੀ (ਯੂਹੰਨਾ 19:7; ਮਰਕੁਸ 14:61, 62; ਯੂਹੰਨਾ 10:32-38 ਵੀ ਵੇਖੋ; 14:8-11)। ਖ਼ੁਦਾ ਬਾਪ ਨੇ ਉਹਨੂੰ ''ਮੇਰਾ ਪਿਆਰਾ ਪੁੱਤਰ'' ਕਹਿ ਕੇ ਉਹਦੇ ਖ਼ੁਦਾਈ ਹੋਣ 'ਤੇ ਮੋਹਰ ਲਾ ਦਿੱਤੀ ਸੀ (ਮੱਤੀ 3:17; 17:5)। ਆਧੁਨਿਕਵਾਦੀ ਲੋਕ ਆਖ ਸਕਦੇ ਹਨ ਕਿ ਸਭ ਲੋਕ ਖ਼ੁਦਾ ਦੀ ਸੰਤਾਨ ਹਨ, ਪਰ ਕੋਈ ਵੀ ਮਨੁੱਖੀ ਜੀਵ ਉਵੇਂ ਸੰਤਾਨ ਨਹੀਂ ਹੈ ਜਿਵੇਂ ਯਿਸੂ। ਉਹ ਖ਼ੁਦਾ ਦਾ ''ਇਕਲੌਤਾ'' ਪੁੱਤਰ ਹੈ (ਯੂਹੰਨਾ 3:16)। ਇਬਰਾਨੀਆਂ 1:8-10 ਵਿਚ ਦੱਸਿਆ ਗਿਆ ਹੈ ਕਿ ਖ਼ੁਦਾ ਨੇ ਪੁੱਤਰ ਨੂੰ ਸੰਬੋਧਿਤ ਕੀਤਾ ਅਤੇ ਉਹਨੂੰ ''ਖ਼ੁਦਾ'' ਆਖਿਆ।

ਯਿਸੂ ਜਦ ਧਰਤੀ 'ਤੇ ਸੀ ਤਾਂ ਖ਼ੁਦਾ ਹੋਣ ਦੀ ਉਹਦੀ ਹਰ ਯੋਗਤਾ ਵਿਖਾਈ ਗਈ ਸੀ।

ਉਹਨੇ ਨਿਆਂ, ਪਵਿੱਤਰਤਾ, ਦਯਾ, ਪ੍ਰੇਮ ਅਤੇ ਇੱਥੋਂ ਤਕ ਕਿ ਲੋਕਾਂ ਨੂੰ ਮਾਫ਼ ਕਰਨ ਦੀ ਸ਼ਕਤੀ ਵੀ ਵਿਖਾਈ ਸੀ। ਉਹਨੇ ਆਪਣੇ ਖ਼ੁਦਾ ਹੋਣ ਦੀ ਸੱਚਾਈ ਨੂੰ ਸਾਬਤ ਕਰਨ ਲਈ ਅਚੰਭੇ ਕੰਮ ਵੀ ਕੀਤੇ ਸੀ (ਯੂਹੰਨਾ 20:30, 31)। ਕੁਦਰਤੀ ਹੈ ਕਿ ਅਸੀਂ ਪਹਿਲੀ ਸਦੀ ਦੇ ਪ੍ਰਚਾਰ ਵਿਚ ਮਸੀਹ ਦੇ ਖ਼ੁਦਾ ਹੋਣ ਦੀ ਉਮੀਦ ਕਰੀਏ ਅਤੇ ਅਜਿਹਾ ਹੋਇਆ ਵੀ। ਉਦਾਹਰਣ ਲਈ, ਖ਼ੁਸ਼ਖ਼ਬਰੀ ਦੇ ਸਭ ਤੋਂ ਪਹਿਲੇ ਸੰਦੇਸ਼ ਵਿਚ ਰਸੂਲਾਂ ਦੇ ਕੰਮ 2 ਵਿਚ ਅਚਰਜ ਕੰਮ ਕਰਨ ਵਾਲੇ ਮਸੀਹ ਨੂੰ ਸਬੂਤ ਦੇਣ ਦੀ ਗੱਲ ਕਹੀ ਗਈ ਸੀ।

ਯਿਸੂ ਦੀ ਖ਼ੁਦਾਈ ਦਾ ਪ੍ਰਚਾਰ ਕਰਨ ਤੋਂ ਭਾਵ ਉਹਦੇ ਮਨੁੱਖ ਹੋਣ ਤੋਂ ਇਨਕਾਰ ਕਰਨਾ ਨਹੀਂ ਹੈ। ਉਹ ਖ਼ੁਦਾ ਅਤੇ ਮਨੁੱਖ ਦੋਵੇਂ ਸੀ। ਉਹ ''ਮਨੁੱਖ ਦਾ ਪੁੱਤਰ''ਅਤੇ ''ਖ਼ੁਦਾ ਦਾ ਪੁੱਤਰ''ਸੀ। ਉਹ ''ਸਰੀਰ ਵਿਚ ਪ੍ਰਗਟ ਹੋਇਆ''(1 ਤਿਮੋਥਿਉਸ 3:16) ਖ਼ੁਦਾ ਸੀ। ''ਉਹ ਮਨੁੱਖ ਦੀ ਸਮਾਨਤਾ ਵਿਚ ਹੋ ਗਿਆ'' (ਫ਼ਿਲਿੱਪੀਆਂ 2:7) ਸੀ।

## ਉਹਦੀ ਪੂਰਵ-ਹੋਂਦ

ਯਿਸੂ ਦੀ ਖ਼ੁਦਾਈ ਸਾਬਤ ਕਰਨ ਤੋਂ ਬਾਅਦ ਆਓ ਇਸ ਅਰਥ ਨਾਲ ਸਥਾਪਿਤ ਹੋਈਆਂ ਬਾਕੀ ਸਿੱਖਿਆਵਾਂ ਨੂੰ ਵੇਖਦੇ ਹਾਂ। ਅਰੰਭ ਕਰਨ ਲਈ ਉਹਦੀ ਪੂਰਵਹੋਂਦ 'ਤੇ ਵਿਚਾਰ ਕਰਨਾ ਜ਼ਰੂਰੀ ਹੈ। ਯਿਸੂ ਨੇ ਇਹ ਕਹਿੰਦਿਆਂ ਇਸ ਧਾਰਨਾ ਬਾਰੇ ਸਮਝਾਇਆ ਕਿ  ਅਬਰਾਹਾਮ ਦੇ ਹੋਣ ਤੋਂ ਪਹਿਲਾਂ ਮੈ ਹਾਂ''(ਯੂਹੰਨਾ 8:58)। ਯੂਹੰਨਾ 17:5 ਵਿਚ ਦੁਆ ਕਰਦਿਆਂ ਉਹਨੇ ਕਿਹਾ, ''ਹੁਣ ਹੇ ਪਿਤਾ ਤੂੰ ਆਪਣੀ ਸੰਗਤ ਦੀ ਉਸ ਵਡਿਆਈ ਨਾਲ ਜੋ ਮੈਂ ਜਗਤ ਦੇ ਹੋਣ ਤੋਂ ਅੱਗੇ ਹੀ ਤੇਰੇ ਨਾਲ ਰੱਖਦਾ ਸਾਂ ਮੇਰੀ ਵਡਿਆਈ ਪਰਗਟ ਕਰ।''ਯਿਸੂ ਨੇ ਇਸ ਸੱਚਾਈ 'ਤੇ ਜ਼ੋਰ ਦਿੱਤਾ, ਇਸ ਲਈ ਉਹਦੇ ਚੇਲਿਆਂ ਦੇ ਲੇਖਾਂ ਵਿਚ ਇਹ ਗੱਲ ਪਾ ਕੇ ਸਾਨੂੰ ਹੈਰਾਨੀ ਨਹੀਂ ਹੁੰਦੀ। ਪੜ੍ਹੋ ਯੂਹੰਨਾ 1:1-4; 1 ਯੂਹੰਨਾ 1:1, 2; ਕੁਲੁੱਸੀਆਂ 1:15-18; ਪ੍ਰਕਾਸ਼ ਦੀ ਪੋਥੀ 1:8.

## ਉਹਦਾ ਦੇਹ ਧਾਰਨ ਕਰਨਾ

ਜੇ ਯਿਸੂ ਦਾ ਵਜੂਦ ਧਰਤੀ 'ਤੇ ਆਉਣ ਤੋਂ ਪਹਿਲਾਂ ਸੀ ਤਾਂ ਧਰਤੀ ਤੇ ਉਹਦਾ ਆਉਣਾ ਉਹਦਾ ਅਰੰਭ ਨਹੀਂ, ਸਗੋਂ ਮਨੁੱਖੀ ਰੂਪ ਧਾਰਨਾ ਸੀ। ਯੂਹੰਨਾ 1:14 ਅਤੇ ਫ਼ਿਲਿੱਪੀਆਂ 2:5-8 ਵਿਚ ਅਸੀਂ ਉਹਦੇ ਮਨੁੱਖ ਬਣਨ ਬਾਰੇ ਪੜ੍ਹਦੇ ਹਾਂ।

ਮੱਤੀ ਨੇ ਕਿਹਾ ਕਿ ਯਿਸੂ ਦੇ ਕੁਆਰੀ ਦੀ ਕੁੱਖੋਂ ਪੈਦਾ ਹੋਣ ਦੀ ਨਬੂਵਤ ਪੂਰੀ ਹੋਈ (ਮੱਤੀ 1:22-23)। ਜਿਸ ਤਰ੍ਹਾਂ ਯਿਸੂ ਦਾ ਜਨਮ ਹੋਇਆ ਉਹਦੀ ਨਾ ਤਾਂ ਕੋਈ ਮਿਸਾਲ ਹੈ ਅਤੇ ਨਾ ਹੀ ਕੋਈ ਇਵੇਂ ਪੈਦਾ ਹੋ ਸਕਦਾ ਹੈ। ਇਹ ਸਾਡੀ ਸਮਝ ਤੋਂ ਬਾਹਰ ਹੈ। ਬਾਈਬਲ ਦੇ ਬਹੁਤ ਸਾਰੇ ਵਿਦਵਾਨ ਸੁਭਾਵਕ ਵਿਆਖਿਆ ਵਿਚ ਨਾ ਸਮਾ ਸਕਣ ਵਾਲੀਆਂ ਗੱਲਾਂ ਨੂੰ ਕੱਢ ਦੇਣਾ ਚਾਹੁੰਦੇ ਹਨ। ਫਿਰ ਵੀ ਯਿਸੂ ਦਾ ਪ੍ਰਚਾਰ ਕਰਨ ਤੋਂ ਭਾਵ, ਉਹਦੇ ਮਨੁੱਖ ਬਣਨ ਦਾ ਪ੍ਰਚਾਰ ਕਰਨਾ ਹੈ; ਅਤੇ ਮਨੁੱਖ ਬਣਨ ਦਾ ਉਹਦਾ ਢੰਗ ਕੁਆਰੀ ਤੋਂ ਜਨਮ ਲੈਣਾ ਸੀ। ਕੁਆਰੀ ਤੋਂ ਜਨਮ ਲੈਣ ਦਾ ਇਨਕਾਰ ਕਰਕੇ ਨਵੇਂ ਨੇਮ ਦੇ ਮਸੀਹ ਦਾ ਪ੍ਰਚਾਰ ਨਹੀਂ ਕੀਤਾ ਜਾ ਸਕਦਾ।

## ਉਹਦਾ ਸਲੀਬ ਦਿੱਤਾ ਜਾਣਾ

ਮਸੀਹ ਨੇ ਕਿਹਾ ਕਿ ਉਹ ਮਰੇਗਾ (ਯੂਹੰਨਾ 10:15)। ਪੌਲੁਸ ''ਸਲੀਬ ਦਿੱਤੇ ਹੋਏ

ਮਸੀਹ ਦਾ ਪ੍ਰਚਾਰ''ਕਰਦਾ ਸੀ (1 ਕੁਰਿੰਥੀਆਂ 1:23) ਅਤੇ ਖ਼ਾਸ ਤੌਰ ਤੇ ਦੱਸਿਆ ਕਿ ''ਮਸੀਹ ਸਾਡੇ ਪਾਪਾਂ ਲਈ ਮਰ ਗਿਆ'' (1 ਕੁਰਿੰਥੀਆਂ 15:3)। ਸਾਨੂੰ ਦੱਸਿਆ ਗਿਆ ਕਿ, ''ਬਿਨਾਂ ਲਹੂ ਵਹਾਏ ਮਾਫ਼ੀ ਹੁੰਦੀ ਹੀ ਨਹੀਂ'' (ਇਬਰਾਨੀਆਂ 9:22)। ਬਹੁਤ ਸਾਰੇ ਲੋਕਾਂ ਨੇ ਆਪਣੇ ਪ੍ਰਚਾਰ ਵਿੱਚੋਂ ਲਹੂ ਅਤੇ ਪ੍ਰਾਸ਼ਚਿਤ ਲਈ ਕਿਸੇ ਗੱਲ ਦਾ ਜ਼ਿਕਰ ਕਰਨਾ ਬੰਦ ਕਰ ਦਿੱਤਾ ਹੈ। ਮਸੀਹ ਦਾ ਪ੍ਰਚਾਰ ਸਾਡੇ ਪਾਪਾਂ ਲਈ ਉਹਦੀ ਮੌਤ ਦੇ ਬਿਨਾ ਨਹੀਂ ਕੀਤਾ ਜਾ ਸਕਦਾ।

## ਉਹਦਾ ਜੀ ਉੱਠਣਾ

ਮੁੱਢਲੀ ਕਲੀਸੀਆ ਦੀ ਕਾਮਯਾਬੀ ਦਾ ਸਭ ਤੋਂ ਵੱਡਾ ਕਾਰਣ ਜੀ ਉੱਠਣ ਦੀ ਸੱਚਾਈ ਹੈ। ਮਸੀਹ ਨੇ ਕਿਹਾ ਸੀ ਕਿ ਉਹ ਜੀ ਉੱਠੇਗਾ (ਯੂਹੰਨਾ 2:19-21) ਅਤੇ ਬਾਅਦ ਵਿਚ ਉਹਨੇ ਕਿਹਾ ਕਿ ਉਹ ਜੀ ਉੱਠਿਆ ਹੈ (ਪ੍ਰਕਾਸ਼ ਦੀ ਪੋਥੀ 1:18)।

ਇੰਜੀਲ ਦੇ ਪਹਿਲੀ ਵਾਰ ਸੁਣਾਏ ਜਾਣ ਨਾਲ ਹੀ (ਰਸੂਲਾਂ ਦੇ ਕੰਮ 2) ਰਸੂਲਾਂ ਦੇ ਪ੍ਰਚਾਰ ਵਿਚ ਜੀ ਉੱਠਣ ਨੂੰ ਖ਼ਾਸ ਅਹਿਮੀਅਤ ਦਿੱਤੀ ਜਾਣ ਲੱਗੀ ਸੀ। ਕਲੀਸੀਆ ਦੀ ਨੀਂਹ ਇਸੇ ਸੰਦੇਸ਼ 'ਤੇ ਰੱਖੀ ਗਈ ਹੈ। ਭਲਾ ਇਹ ਸੱਚ ਹੈ ਜਾਂ ਕਲੀਸੀਆ ਝੂਠ 'ਤੇ ਬਣੀ ਹੈ?

ਜੀ ਉੱਠਣ ਦੇ ਕਾਰਣ ਹੀ ਰਸੂਲਾਂ ਨੂੰ ਨਵੀਂ ਸਮਰੱਥ ਮਿਲੀ ਸੀ। ਇਨ੍ਹਾਂ ਨੂੰ ਨਵੇਂ ਸਿਰਿਓਂ ਮਿਲੀ ਆਸ ਅਤੇ ਉਨ੍ਹਾਂ ਦੀ ਕਾਮਯਾਬੀ ਨੂੰ ਕਿਸੇ ਹੋਰ ਢੰਗ ਨਾਲ ਨਹੀਂ ਦੱਸਿਆ ਜਾ ਸਕਦਾ। ਜੋ ਕੁਝ ਉਨ੍ਹਾਂ ਵੇਖਿਆ ਉਹ ਅਸਲੀ ਸੀ। ਮਸੀਹ ਦਾ ਪ੍ਰਚਾਰ ਕਰਨ ਦਾ ਮਤਲਬ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦਾ ਪ੍ਰਚਾਰ ਕਰਨਾ ਹੈ।

## ਉਹਦਾ ਰਾਜ

ਮਸੀਹ ਦਾ ਪ੍ਰਚਾਰ ਕਰਨ ਵਿਚ ਰਾਜ ਭਾਵ ਕਲੀਸੀਆ ਬਾਰੇ ਸਿਖਾਉਣਾ ਵੀ ਸ਼ਾਮਿਲ ਹੋਣਾ ਜ਼ਰੂਰੀ ਹੈ (ਰਸੂਲਾਂ ਦੇ ਕੰਮ 8:5, 12)। ਮਸੀਹ ਸਿਰ ਹੈ, ਅਤੇ ਕਲੀਸੀਆ ਉਹਦੀ ਦੇਹ (ਅਫ਼ਸੀਆਂ 1:22, 23)। ਮਿਲਾਪ ਦੇਹ ਵਿਚ ਹੁੰਦਾ ਹੈ (ਅਫ਼ਸੀਆਂ 2:16)। ਕਲੀਸੀਆ ਨੂੰ ਨਜ਼ਰਅੰਦਾਜ਼ ਕਰਕੇ ਮਸੀਹ ਦਾ ਪ੍ਰਚਾਰ ਨਹੀਂ ਕੀਤਾ ਜਾ ਸਕਦਾ। ਮਸੀਹ ਦਾ ਪ੍ਰਚਾਰ ਕਰਨ ਲਈ, ਫਿਲਿਪੁੱਸ ਨੇ ਖ਼ੁਦਾ ਦੇ ਰਾਜ ਦਾ ਪ੍ਰਚਾਰ ਕੀਤਾ।

## ਉਹਦੇ ਹੁਕਮ

ਜੇ ਕੋਈ ਮਸੀਹ ਦਾ ਪ੍ਰਚਾਰ ਕਰਨ ਦਾ ਚਾਹਵਾਨ ਹੈ ਉਹਦੇ ਲਈ ਜ਼ਰੂਰੀ ਹੈ ਕਿ ਉਹਦੇ ਹੁਕਮਾਂ ਨੂੰ ਵੀ ਮੰਨੇ। ਮਸੀਹ ਦੀਆਂ ਸਿੱਖਿਆਵਾਂ ਨੂੰ ਨਜ਼ਰਅੰਦਾਜ਼ ਕਰਕੇ ਉਹਦਾ ਪ੍ਰਚਾਰ ਨਹੀਂ ਕੀਤਾ ਜਾ ਸਕਦਾ। ਕੂਸ਼ ਦੇਸ਼ ਦੇ ਮੰਤਰੀ ਦੇ ਕੋਲ ਮਸੀਹ ਦਾ ਵਚਨ ਸੁਣਾਉਂਦੇ ਹੋਏ, ਫ਼ਿਲਿੱਪੁਸ ਨੇ ਉਹਨੂੰ ਬਪਤਿਸਮਾ ਲੈਣ ਦੀ ਲੋੜ ਦੱਸੀ ਸੀ (ਰਸੂਲਾਂ ਦੇ ਕੰਮ 8:35-36)। ਨਹੀਂ, ਅਸੀਂ ਬਪਤਿਸਮੇ ਨੂੰ ਕੱਢ ਕੇ ਮਸੀਹ ਦਾ ਪ੍ਰਚਾਰ ਨਹੀਂ ਕਰ ਸਕਦੇ। ਇਹ ਤਾਂ ਉਹਦੇ ਹੁਕਮਾਂ ਵਿੱਚੋਂ ਇਕ ਹੈ।

## ਉਹਦੀ ਦੂਜੀ ਆਮਦ

ਯਿਸੂ ਨੇ ਦੱਸਿਆ ਕਿ ਉਹ ਦੁਬਾਰਾ ਆਏਗਾ (ਯੂਹੰਨਾ 14:1-3)। ਚਿੱਟੇ ਕੱਪੜੇ ਪਾਏ

ਕੁਝ ਆਦਮੀਆਂ (ਫ਼ਰਿਸ਼ਤਿਆਂ) ਨੇ ਰਸੂਲਾਂ ਨੂੰ ਭਰੋਸਾ ਦਿੱਤਾ ਸੀ ਕਿ ਯਿਸੂ ਫੇਰ ਆਏਗਾ (ਰਸੂਲਾਂ ਦੇ ਕੰਮ 1:11)। ਇਬਰਾਨੀਆਂ ਦੀ ਪੱਤਰੀ ਦੇ ਲੇਖਕ ਨੇ ਇਸੇ ਸੱਚ ਦਾ ਐਲਾਨ ਕੀਤਾ (ਇਬਰਾਨੀਆਂ 9:28)। ਆਤਮਾ ਦੀ ਪ੍ਰੇਰਣਾ ਪਾਏ ਹੋਰ ਲੇਖਕਾਂ ਨੇ ਵੀ ਇਸ ਗੱਲ ਨੂੰ ਦੁਹਰਾਇਆ ਕਿ ਮਸੀਹ ਦੇ ਪ੍ਰਚਾਰ ਦਾ ਮਤਲਬ ਉਹਦੀ ਦੂਜੀ ਆਮਦ ਦਾ ਪ੍ਰਚਾਰ ਕਰਨਾ ਹੈ।

## ਸਾਰ

ਅੱਜ ਬਹੁਤ ਸਾਰੇ ਲੋਕ ਯਿਸੂ ਅਤੇ ਉਹਦੀ ਇੰਜੀਲ ਦੀਆਂ ਮਹਾਨ ਸੱਚਾਈਆਂ ਦਾ ਇਨਕਾਰ ਕਰ ਰਹੇ ਹਨ। ਲੋਕ ਯਿਸੂ ਬਾਰੇ ਸੱਭਿਅ, ਪਰ ਫ਼ਜ਼ੂਲ ਗੱਲਾਂ ਕਹਿਣਾ ਚਾਹੁੰਦੇ ਹਨ ਕਿ ਉਹ ਸਿਰਫ਼ ਉਹੀ ਮੰਨਣਾ ਚਾਹੁੰਦੇ ਹਨ ਕਿ ਉਹਦੀਆਂ ਨੈਤਿਕਤਾਵਾਂ ਬੀਮਾਰ ਸਮਾਜ ਨੂੰ ਚੰਗਾ ਕਰਨਗੀਆਂ। ਨਾਲ ਹੀ ਉਹ ਉਨ੍ਹਾਂ ਸੱਚਾਈਆ ਦਾ ਇਨਕਾਰ ਕਰਦੇ ਹਨ ਜਿਨ੍ਹਾਂ ਦਾ ਮਸੀਹ ਦੇ ਪ੍ਰਚਾਰ ਵਿਚ ਐਲਾਨ ਹੋਣਾ ਜ਼ਰੂਰੀ ਹੈ। ਅੱਜ ਵੀ ਮਸੀਹ ਕੁਝ ਲੋਕਾਂ ਲਈ ਮੂਰਖਤਾ ਹੈ ਅਤੇ ਹੋਰਨਾਂ ਲਈ ਠੋਕਰ ਖਾਣ ਦਾ ਪੱਥਰ (1 ਕੁਰਿੰਥੀਆਂ 1:18: 1 ਪਤਰਸ 2:7, 8)।

''ਮਸੀਹ ਦੇ ਹੱਕ ਵਿਚ ਤੁਸੀਂ ਕੀ ਸਮਝਦੇ ਹੋ, ... ?''(ਮੱਤੀ 22:42)।